Punjabi

NHS

# ਐਨਐਚਐਸ ਸਰਵਾਈਕਲ ਸਕ੍ਰੀਨਿੰਗ

## ਤੁਹਾਨੂੰ ਫੈਸਲਾ ਕਰਨ ਵਿੱਚ ਮਦਦ ਕਰਨਾ



ਪਬਲਿਕ ਹੈਲਥ ਇੰਗਲੈਂਡ (ਪੀ.ਐਚ.ਈ.) ਨੇ ਐਨਐਚਐਸ ਦੀ ਵੱਲੋਂ ਇਹ ਪਰਚਾ ਬਣਾਇਆ

ਇਹ ਤੁਹਾਡੀ ਮਰਜ਼ੀ ਹੈ ਕਿ ਕੀ ਤੁਸੀਂ ਸਰਵਾਈਕਲ ਸਕ੍ਰੀਨਿੰਗ ਟੈਸਟ ਕਰਵਾਉਣਾ ਹੈ ਜਾਂ ਨਹੀਂ। ਇਸ ਲੀਫ਼ਲੈੱਟ ਦਾ ਉਦੇਸ਼ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨਾ ਹੈ। ਸਰਵਾਈਕਲ ਸਕ੍ਰੀਨਿੰਗ ਨੂੰ 'ਸਮੀਅਰ ਟੈਸਟ' ਕਿਹਾ ਜਾਂਦਾ ਸੀ।

# ਅਸੀਂ ਸਰਵਾਈਕਲ ਦੀ ਜਾਂਚ ਕਿਉਂ ਪ੍ਰਦਾਨ ਕਰਦੇ ਹਾਂ

ਐਨਐਚਐਸ ਸਰਵੀਕਲ ਸਕ੍ਰੀਨਿੰਗ ਸਰਵਾਈਕਲ ਕੈਂਸਰ ਨੂੰ ਰੋਕਣ ਵਿੱਚ ਮਦਦ ਕਰਦੀ ਹੈ। ਇਹ ਹਰ ਸਾਲ ਯੂਕੇ ਵਿਚ ਸਰਵਾਈਕਲ ਕੈਂਸਰ ਤੋਂ ਹਜ਼ਾਰਾਂ ਲੋਕਾਂ ਨੂੰ ਬਚਾਉਂਦੀ ਹੈ। [1,2] ਇੰਗਲੈਂਡ ਵਿਚ ਸਰਵੀਕਲ ਸਕ੍ਰੀਨਿੰਗ ਇਸ ਸਮੇਂ ਵਿਚ 70% ਸਰਵਾਈਕਲ ਕੈਂਸਰ ਨਾਲ ਹੋਣ ਵਾਲਿਆਂ ਮੌਤਾਂ ਨੂੰ ਰੋਕਦੀ ਹੈ। ਜੇ ਹਰ ਕੋਈ ਨਿਯਮਤ ਤੌਰ ਤੇ ਸਕ੍ਰੀਨਿੰਗ ਕਰਾਉਂਦਾ ਹੈ, ਤਾਂ 83% ਮੌਤਾਂ ਨੂੰ ਰੋਕਿਆ ਜਾ ਸਕਦਾ ਹੈ।[3]

# ਅਸੀਂ ਕਿੰਨੂੰ ਸੱਦਾ ਦਿੰਦੇ ਹਾਂ?

ਅਸੀਂ 25 ਤੋਂ 49 ਸਾਲ ਦੀ ਉਮਰ ਤਕ ਹਰ 3 ਸਾਲਾਂ ਵਿੱਚ ਅਤੇ 50 ਤੋਂ 64 ਸਾਲ ਦੀ ਉਮਰ ਤਕ ਹਰ 5 ਸਾਲਾਂ ਵਿੱਚ ਸਰਵਾਈਕਲ ਸਕ੍ਰੀਨਿੰਗ ਦੀ ਪੇਸ਼ਕਸ਼ ਕਰਦੇ ਹਾਂ। ਇਹ ਇਸ ਲਈ ਹੈ ਕਿਉਂਕਿ ਜ਼ਿਆਦਾਤਰ ਸਰਵਾਇਕਲ ਕੈਂਸਰ ਇਹਨਾਂ ਉਮਰਾਂ ਵਿਚਾਲੇ ਵੱਧਦੇ ਹਨ। ਲੋਕਾਂ ਦੇ 25 ਸਾਲ ਦੇ ਹੋਣ ਤੋਂ ਕੁੱਝ ਮਹੀਨੇ ਪਹਿਲਾਂ ਪਹਿਲੇ ਸੱਦੇ ਆਉਂਦੇ ਹਨ। ਜਦੋਂ ਤੁਹਾਨੂੰ ਤੁਹਾਡਾ ਸੱਦਾ ਪ੍ਰਾਪਤ ਹੁੰਦਾ ਹੈ ਤੁਸੀਂ ਆਪਣੀ ਅਪੋਇੰਟਮੈਂਟ ਉਸੇ ਵੇਲੇ ਬੁੱਕ ਕਰ ਸਕਦੇ ਹੋ। ਪਿਛਲੀ ਸਕ੍ਰੀਨਿੰਗ ਦੇ ਨਤੀਜਿਆਂ ਦੇ ਕਰਕੇ ਅਸੀਂ ਅਕਸਰ ਕੁਝ ਲੋਕਾਂ ਨੂੰ ਸੱਦਾ ਦਿੰਦੇ ਹਾਂ (ਦੇਖੋ ਸਫ਼ਾ 9)।


ਤੁਹਾਨੂੰ ਆਪਣੇ ਜਿਨਸੀ ਰੁਝਾਣ, ਜਿਨਸੀ ਇਤਿਹਾਸ, ਜਾਂ ਤੁਸੀ ਐਚਪੀਵੀ ਦਾ ਟੀਕਾ ਲਗਵਾਇਆ ਹੈ ਜਾਂ ਨਹੀਂ ਇਸ ਦੀ ਪਰਵਾਹ ਕੀਤੇ ਬਗ਼ੈਰ ਸਕ੍ਰੀਨਿੰਗ ਕਰਾਉਣ ਦੇ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਜੇ ਤੁਸੀਂ ਟਰਾਂਸਜੈਂਡਰ (ਟ੍ਰਾਂਸ) ਆਦਮੀ ਹੋ ਜਿਸਨੇ ਆਪਣੇ ਜੀ.ਪੀ. ਕੋਲ ਇੱਕ ਔਰਤ ਦੇ ਤੌਰ ਤੇ ਰਜਿਸਟ੍ਰੇਸ਼ਨ ਕਰਾਇਆ ਹੋਇਆ ਹੈ, ਤਾਂ ਅਸੀਂ ਸਰਵਾਈਕਲ ਸਕ੍ਰੀਨਿੰਗ ਲਈ ਤੁਹਾਨੂੰ ਸੱਦਾ ਭੇਜਾਂਗੇ। ਜੇ ਤੁਸੀਂ ਪੁਰਸ਼ ਦੇ ਤੌਰ ਤੇ ਰਜਿਸਟਰਡ ਹੋ ਤਾਂ ਤੁਹਾਨੂੰ ਸੱਦਾ ਪ੍ਰਾਪਤ ਨਹੀਂ ਹੋਵੇਗਾ, ਪਰ ਜੇ ਤੁਹਾਨੂੰ ਸਰਵਿਕਸ ਹੈ ਤਾਂ ਤੁਹਾਡਾ ਜੀਪੀ ਜਾਂ ਪ੍ਰੈਕਟਿਸ ਨਰਸ ਤੁਹਾਡੇ ਲਈ ਅਪੋਇੰਟਮੈਂਟ ਦਾ ਇੰਤਜ਼ਾਮ ਕਰ ਸਕਦੇ ਹਨ। ਜੇ ਤੁਸੀਂ ਇੱਕ ਟਰਾਂਸ ਔਰਤ ਹੋ ਤਾਂ ਤੁਹਾਨੂੰ ਸਰਵਾਈਕਲ ਸਕ੍ਰੀਨਿੰਗ ਦੀ ਲੋੜ ਨਹੀਂ ਹੈ।

# ਸਰਵਾਈਕਲ ਕੈਂਸਰ

ਸਰਵਾਈਕਲ ਕੈਂਸਰ ਉਦੋਂ ਹੁੰਦਾ ਹੈ ਜਦੋਂ ਸਰਵਿਕਸ ਦੇ ਅੰਦਰ ਸੈੱਲਾਂ
ਬੇਤਰਤੀਬ ਢੰਗ ਨਾਲ ਵਧਦੀਆਂ ਹੈ ਅਤੇ ਵੱਧ ਕੇ ਕੋਈ ਗੰਢ (ਜਿਸ ਨੂੰ ਟਿਊਮਰ ਵੀ ਕਹਿੰਦੇ ਹਨ) ਬਣਾਉਂਦੀਆਂ ਹਨ। ਜਿਵੇਂ-ਜਿਵੇਂ ਟਿਊਮਰ ਵਧਦਾ ਹੈ, ਅੰਤ ਵਿੱਚ ਸੈੱਲਾਂ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਸਕਦੀਆਂ ਹਨ ਅਤੇ ਜਾਨ ਦਾ ਖਤਰਾ ਹੋ ਸਕਦਾ ਹੈ।

ਤੁਹਾਡਾ ਸਰਵਿਕਸ ਤੁਹਾਡੀ ਬੱਚੇਦਾਨੀ (ਜਾਂ ਗਰਭ) ਦਾ ਸਭ ਤੋਂ ਨੀਵਾਂ ਹਿੱਸਾ ਹੁੰਦਾ ਹੈ, ਅਤੇ ਇਹ ਤੁਹਾਡੀ ਯੋਨੀ ਦੀ ਸਭਤੋਂ ਉੱਪਰ ਹੁੰਦਾ ਹੈ।




ਮਾਦਾ ਪ੍ਰਜਨਨ ਪ੍ਰਣਾਲੀ ਵਖਾਉਂਦਾ ਹੋਇਆ ਚਿੱਤਰ। ਸਰਵਿਕਸ ਯੋਨੀ ਦੇ ਉਪਰ ਹੁੰਦਾ ਹੈ।

# ਐਚਪੀਵੀ ਅਤੇ ਸਰਵਾਈਕਲ ਕੈਂਸਰ

ਤਕਰੀਬਨ ਸਾਰੇ ਸਰਵਾਈਕਲ ਕੈਂਸਰ ਹਿਊਮਨ ਪੈਪੀਲੋਮਾਵਾਇਰਸ ਨਾਮ ਦੇ ਵਾਇਰਸ ਦੇ ਕਾਰਨ ਹੁੰਦੇ ਹਨ।

ਐਚਪੀਵੀ ਬਹੁਤ ਆਮ ਹੈ ਜ਼ਿਆਦਾਤਰ ਲੋਕਾਂ ਨੂੰ ਵਾਇਰਸ ਕਦੇ ਨ ਕਦੇ ਪ੍ਰਭਾਵਿਤ ਕਰਦਾ ਹੀ ਹੈ। ਕਿਸੇ ਮਰਦ ਜਾਂ ਔਰਤ ਦੇ ਨਾਲ ਕਿਸੇ ਵੀ ਕਿਸਮ ਦੀ ਜਿਨਸੀ ਗਤੀਵਿਧੀ ਦੇ ਦੌਰਾਨ ਇਹ ਚਮੜੀ ਦੇ ਸੰਪਰਕ ਦੇ ਰਾਹੀਂ ਫੈਲਦਾ ਹੈ। ਐਚਪੀਵੀ ਸਰੀਰ ਵਿੱਚ ਕਈ ਸਾਲਾਂ ਤੱਕ ਰਹਿ ਸਕਦਾ ਹੈ। ਇਹ ਬਹੁਤ ਘੱਟ ਜਾਂ ਪਤਾ ਨਾ ਹੋਣ ਯੋਗ ਪੱਧਰ 'ਤੇ ਰਹਿ ਸਕਦਾ ਹੈ ਅਤੇ ਕਿਸੇ ਸਮੱਸਿਆ ਦਾ ਕਾਰਨ ਨਹੀਂ ਵੀ ਬਣ ਸਕਦਾ ਹੈ। ਇਸ ਦਾ ਮਤਲਬ ਹੈ ਕਿ ਐਚਪੀਵੀ ਦੀ ਕੋਈ ਲਾਗ ਬਹੁਤ ਸਮੇਂ ਪਹਿਲਾਂ ਤੋਂ ਕਿਸੇ ਸਾਥੀ ਤੋਂ ਪ੍ਰਾਪਤ ਕੀਤੀ ਹੋ ਸਕਦੀ ਹੈ।

ਐਚਪੀਵੀ ਦੀਆਂ ਬਹੁਤ ਸਾਰੀਆਂ ਵੱਖ ਵੱਖ ਕਿਸਮਾਂ ਹੁੰਦੀਆਂ ਹਨ, ਪਰ ਸਿਰਫ ਕੁਝ ਵੱਧ ਖਤਰੇ ਵਾਲੀਆਂ ਕਿਸਮਾਂ ਦੇ ਕਾਰਨ ਕੈਂਸਰ ਹੋ ਸਕਦਾ ਹੈ। ਐਚਪੀਵੀ ਦੀਆਂ ਜਿਹੜੀਆਂ ਕਿਸਮਾਂ ਸਰਵਾਈਕਲ ਕੈਂਸਰ ਦਾ ਕਾਰਨ ਬਣਦੀਆਂ ਹਨ ਉਨ੍ਹਾਂ ਦੇ ਕੋਈ ਲੱਛਣ ਨਹੀਂ ਹੁੰਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਨੂੰ ਇਸ ਦੇ ਹੋਣ ਦੀ ਕੋਈ ਵੀ ਜਾਣਕਾਰੀ ਤੋਂ ਬਿਨਾਂ ਤੁਹਾਡੀ ਇਮਿਊਨ ਸਿਸਟਮ ਵਾਇਰਸ ਨੂੰ ਕਾਬੂ ਕਰ ਸਕਦਾ ਹੈ। ਪਰ ਕਦੇ-ਕਦੇ, ਐਚਪੀਵੀ ਤੁਹਾਡੇ ਸਰਵਿਕਸ ਦੇ ਸੈੱਲਾਂ ਨੂੰ ਅਸਧਾਰਨ ਬਣਾ ਸਕਦਾ ਹੈ।

ਤੁਹਾਡਾ ਸਰੀਰ ਆਮ ਤੌਰ ਤੇ ਅਸਧਾਰਨ ਸੈੱਲਾਂ ਤੋਂ ਕਾਬੂ ਪਾ ਸਕਦਾ ਹੈ ਅਤੇ ਤੁਹਾਡਾ ਸਰਵਿਕਸ ਪਹਿਲਾਂ ਵਰਗਾ ਹੋ ਜਾਂਦਾ ਹੈ। ਪਰ ਕਦੇ-ਕਦੇ ਅਜਿਹਾ ਨਹੀਂ ਹੁੰਦਾ ਹੈ, ਅਤੇ ਅਸਧਾਰਨ ਸੈੱਲਾਂ ਵੱਧ ਕੇ ਕੈਂਸਰ ਦਾ ਰੂਪ ਧਰ ਲੈਂਦੀਆਂ ਹਨ।

# ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਤੇ ਕਿਸ ਚੀਜ਼ ਦਾ ਅਸਰ ਪੈਂਦਾ ਹੈ

ਸਰਵੀਕਲ ਸਕ੍ਰੀਨਿੰਗ ਕਰਾਉਣ ਨਾਲ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਘਟਦੀ ਹੈ। ਸਕ੍ਰੀਨਿੰਗ ਅਸਧਾਰਨ ਸੈੱਲਾਂ ਨੂੰ ਲੱਭ ਲੈਂਦੀ ਹੈ ਅਤੇ ਕੈਂਸਰ ਹੋਣ ਤੋਂ ਪਹਿਲਾਂ ਉਹਨਾਂ ਨੂੰ ਹਟਾਇਆ ਜਾ ਸਕਦਾ ਹੈ।

ਐਚਪੀਵੀ ਪੂਰੀ ਜਨਣ ਖੇਤਰ ਦੇ ਆਲੇ-ਦੁਆਲੇ ਚਮੜੀ ਤੇ ਪਾਇਆ ਜਾਂਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਜਿਨਸੀ ਗਤੀਵਿਧੀ ਦੇ ਰਾਹੀਂ ਫੈਲ ਸਕਦਾ ਹੈ। ਇਸਦਾ ਮਤਲਬ ਇਹ ਹੈ ਕਿ ਕਨਡੋਮ ਜਾਂ ਡੈਂਟਲ ਡੈਮ ਲਾਗ ਰੋਕਣ ਵਿੱਚ ਮਦਦ ਕਰ ਸਕਦੇ ਹਨ, ਪਰ ਉਹ ਐਚਪੀਵੀ ਤੋਂ ਪੂਰੀ ਸੁਰੱਖਿਆ ਪ੍ਰਦਾਨ ਨਹੀਂ ਕਰਦੇ।

ਸਿਗਰਟ ਪੀਣ ਨਾਲ ਸਰਵਾਈਕਲ ਕੈਂਸਰ ਹੋਣ ਦਾ ਖਤਰਾ ਵੱਧ ਜਾਂਦਾ ਹੈ ਕਿਉਂਕਿ ਇਹ ਤੁਹਾਡੇ ਸਰੀਰ ਨੂੰ ਐਚਪੀਵੀ ਦੀ ਲਾਗਾਂ ਤੋਂ ਛੁਟਕਾਰਾ ਪਾਉਣਾ ਔਖਾ ਬਣਾ ਦਿੰਦਾ ਹੈ। ਸਿਗਰਟਨੋਸ਼ੀ ਰੋਕਣ ਬਾਰੇ ਜਾਣਕਾਰੀ ਇੱਥੇ ਉਪਲਬਧ ਹੈ www.nhs.uk/smokefree

ਐਚਪੀਵੀ ਦਾ ਟੀਕਾ ਉੱਚ ਖਤਰੇ ਵਾਲੀ ਐਚਪੀਵੀ ਦੀਆਂ ਕਿਸਮਾਂ ਦੇ ਵਿਰੁੱਧ ਰੱਖਿਆ ਕਰਦਾ ਹੈ ਜੋ ਸਾਰੇ ਸਰਵਾਈਕਲ ਕੈਂਸਰਾਂ ਦਾ ਕਾਰਨ ਬਣਦਾ ਹੈ। ਜੇ ਤੁਸੀਂ ਐਚਪੀਵੀ ਦਾ ਟੀਕਾ ਲਗਵਾਇਆ ਹੈ ਤਾਂ ਤੁਹਾਨੂੰ ਜਦੋ ਸੱਦਿਆ ਜਾਂਦਾ ਹੈ ਤਾਂ ਤੁਹਾਨੂੰ ਸਰਵਾਈਕਲ ਸਕ੍ਰੀਨਿੰਗ ਕਰਵਾਉਣ ਬਾਰੇ ਫਿਰ ਵੀ ਵਿਚਾਰ ਕਰਨ ਦੀ ਜ਼ਰੂਰਤ ਹੋਵੇਗੀ। ਇਹ ਦੂਜਿਆਂ ਵੱਧ ਖਤਰੇ ਵਾਲੇ ਐਚਪੀਵੀ ਦੀਆਂ ਕਿਸਮਾਂ ਦੀ ਜਾਂਚ ਕਰਨ ਲਈ ਹੁੰਦਾ ਹੈ ਜੋ ਸਰਵਾਈਕਲ ਕੈਂਸਰ ਦਾ ਕਾਰਨ ਬਣ ਸਕਦੇ ਹਨ।

ਪਰਿਵਾਰ ਵਿੱਚ ਪਹਿਲਾਂ ਤੋਂ ਸਰਵਾਈਕਲ ਕੈਂਸਰ ਹੋਣ ਨਾਲ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਤੇ ਕੋਈ ਅਸਰ ਨਹੀਂ ਹੁੰਦਾ ਹੈ।

# ਸਰਵਾਈਕਲ ਸਕ੍ਰੀਨਿੰਗ ਕਿਵੇਂ ਕੰਮ ਕਰਦੀ ਹੈ

ਸਰਵਾਈਕਲ ਸਕ੍ਰੀਨਿੰਗ ਕੈਂਸਰ ਦਾ ਟੈਸਟ ਨਹੀਂ ਹੁੰਦੀ ਹੈ। ਇਹ ਸਰਵਿਕਸ ਵਿੱਚ ਅਸਧਾਰਨ ਸੈੱਲਾਂ ਨੂੰ ਲੱਭਦੀ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਅਸਧਾਰਨ ਸੈੱਲਾਂ ਵੱਧ ਕੇ ਕੈਂਸਰ ਬਣ ਸਕਦੀਆਂ ਹਨ।

ਟੈਸਟ ਵਿੱਚ ਤੁਹਾਡੇ ਸਰਵਿਕਸ ਤੋਂ ਸੈੱਲਾਂ ਦਾ ਛੋਟਾ ਜਿਹਾ ਨਮੂਨਾ ਲੈਣ ਲਈ ਇਕ ਨਰਮ ਬੁਰਸ਼ ਨੂੰ ਵਰਤਣਾ ਸ਼ਾਮਿਲ ਹੁੰਦਾ ਹੈ। ਨਮੂਨੇ ਨੂੰ ਇੱਕ ਛੋਟੇ ਪਲਾਸਿਟਕ ਦੇ ਡੱਬੇ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਂਦਾ ਹੈ। ਸਰਵਾਈਕਲ ਕੈਂਸਰ ਦਾ ਕਾਰਨ ਬਣ ਸਕਨ ਵਾਲੀਆਂ ਐਚਪੀਵੀ ਦੀਆਂ ਕਿਸਮਾਂ ਲਈ ਇਸਦਾ ਟੈਸਟ ਕੀਤਾ ਜਾਂਦਾ ਹੈ।  ਸਰਵਾਈਕਲ ਕੈਂਸਰ ਦਾ ਕਾਰਨ ਬਣਨ ਵਾਲੀਆਂ ਸਭ ਤੋਂ ਵੱਧ ਆਮ ਕਿਸਮਾਂ ਦੇ ਟੈਸਟ ਵਿੱਚ ਜੇ ਤੁਹਾਡੀ ਰਿਪੋਰਟ ਨੈਗੇਟਿਵ ਆਉਂਦੀ ਹੈ, ਤਾਂ ਤੁਹਾਨੂੰ ਸਰਵਾਈਕਲ ਕੈਂਸਰ ਹੋਣ ਦਾ ਜੋਖਮ ਬਹੁਤ ਘੱਟ ਹੁੰਦਾ ਹੈ ਅਤੇ ਅਸਾਧਾਰਣ ਸੈੱਲਾਂ ਦੀ ਜਾਂਚ ਕਰਨ ਦੀ ਕੋਈ ਲੋੜ ਨਹੀਂ ਹੈ ਭਾਵੇਂ ਪਹਿਲਾਂ ਇਹ ਤੁਹਾਡੇ ਸ਼ਰੀਰ ਵਿੱਚ ਸਨ।

ਜੇ ਤੁਹਾਡਾ ਐਚਪੀਵੀ ਟੈਸਟ ਪਾਜ਼ਿਟਿਵ ਆਇਆ ਹੈ ਤਾਂ ਅਸੀ ਅਸਧਾਰਨ ਸੈੱਲਾਂ ਲਈ ਨਮੂਨੇ ਦੀ ਜਾਂਚ ਕਰਾਂਗੇ। ਅਸਧਾਰਨ ਸੈੱਲਾਂ ਕੈਂਸਰ ਨਹੀਂ ਹੁੰਦੀਆਂ ਹਨ, ਪਰ ਜੇ ਇਲਾਜ ਨਾ ਕੀਤਾ ਜਾਵੇ ਤਾਂ ਉਹ ਕੈਂਸਰ ਵਿੱਚ ਵਿਕਸਤ ਹੋ ਸਕਦੀਆਂ ਹਨ।

ਅਗਲੇ ਕਦਮ ਦੇ ਤੌਰ ਤੇ ਅਸੀਂ ਤੁਹਾਡੇ ਸਰਵਿਕਸ ਦੀ ਬਾਰੀਕੀ ਨਾਲ ਜਾਂਚ ਕਰਨ ਲਈ ਇਕ ਹੋਰ ਜਾਂਚ (ਜਿਸਨੂੰ ਕੋਲਪੋਸਕੋਪੀ ਕਿਹਾ ਜਾਂਦਾ ਹੈ) ਪ੍ਰਦਾਨ ਕਰ ਸਕਦੇ ਹਾਂ। ਜੇ ਕੋਲੋਪੋਕੋਪੀ ਦੇ ਦੌਰਾਨ ਅਸੀਂ ਅਸਧਾਰਨ ਸੈੱਲਾਂ ਵੇਖਦੇ ਹਾਂ ਤਾਂ ਅਸੀਂ ਸੁਝਾਅ ਦੇ ਸਕਦੇ ਹਾਂ ਕਿ ਸੈੱਲਾਂ ਨੂੰ ਕੱਢ ਦਿੱਤਾ ਜਾਵੇ। ਇਸ ਤਰ੍ਹਾਂ ਸਕ੍ਰੀਨਿੰਗ ਸਰਵਾਈਕਲ ਕੈਂਸਰ ਨੂੰ ਰੋਕ ਸਕਦੀ ਹੈ।

ਕੋਈ ਸਕ੍ਰੀਨਿੰਗ ਟੈਸਟ 100% ਅਸਰਦਾਰ ਨਹੀਂ ਹੁੰਦਾ ਹੈ। ਸਰਵਾਈਕਲ ਸਕ੍ਰੀਨਿੰਗ ਵਿਚ ਇਹ ਹੁੰਦਾ ਹੈ ਕਿਉਂਕਿ:

- ਐਚਪੀਵੀ ਦੀ ਲਾਗ ਜਾਂ ਅਸਾਧਾਰਣ ਸੈੱਲਾਂ ਕਈ ਵਾਰ ਛੁਟ ਜਾ ਸਕਦੇ ਹਨ (ਇੱਕ 'ਗਲਤ ਨੈਗੇਟਿਵ' ਨਤੀਜਾ)
- ਸਕ੍ਰੀਨਿੰਗ ਟੈਸਟਾਂ ਦੇ ਵਿਚਕਾਰ ਅਸਧਾਰਨ ਕੋਸ਼ਿਕਾਵਾਂ ਵੱਧ ਸਕਦੀਆਂ ਹਨ ਅਤੇ ਕੈਂਸਰ ਹੋ ਸਕਦਾ ਹੈ
- ਅਜਿਹੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਕਿ ਨਤੀਜਾ ਦੱਸਦਾ ਹੈ ਕਿ ਅਸਧਾਰਨ ਸੈੱਲਾਂ ਮਿਲਦੀਆਂ ਹਨ ਅਤੇ ਸਰਵਿਕਸ ਠੀਕ ਹੁੰਦਾ ਹੈ (ਇੱਕ 'ਗ਼ਲਤ ਪਾਜ਼ਿਟਿਵ ਨਤੀਜਾ')

ਜੇ ਸਕ੍ਰੀਨਿੰਗ ਵਿੱਚ ਅਸਧਾਰਨ ਸੈੱਲਾਂ ਨਹੀਂ ਲੱਭਦੀਆਂ ਹਨ ਤਾਂ ਇਸ ਗੱਲ ਦੀ ਗਰੰਟੀ ਨਹੀਂ ਹੁੰਦੀ ਕਿ ਉਹ ਤੁਹਾਡੇ ਸ਼ਰੀਰ ਵਿੱਚ ਨਹੀਂ ਹਨ, ਜਾਂ ਉਹ ਭਵਿੱਖ ਵਿੱਚ ਕਦੇ ਵਿਕਸਤ ਨਹੀਂ ਹੋਣਗੀਆਂ।

# ਸਰਵਾਈਕਲ ਸਕ੍ਰੀਨਿੰਗ ਕਰਾਉਣਾ

### ਤੁਹਾਡੀ ਅਪਾਇੰਟਮੈਂਟ ਤੋਂ ਪਹਿਲਾਂ

ਸਰਵਾਈਕਲ ਸਕ੍ਰੀਨਿੰਗ ਆਮ ਤੌਰ ਤੇ ਕਿਸੇ ਔਰਤ ਨਰਸ ਜਾਂ ਡਾਕਟਰ ਦੁਆਰਾ ਕੀਤੀ ਜਾਂਦੀ ਹੈ। ਜੇ ਤੁਸੀਂ ਇਹ ਚਾਹੁੰਦੇ ਹੋ ਕਿ ਕੋਈ ਔਰਤ ਤੁਹਾਡਾ ਟੈਸਟ ਕਰੇ, ਤਾਂ ਤੁਸੀਂ ਆਪਣੀ ਅਪੋਇੰਟਮੈਂਟ ਕਰਦੇ ਸਮੇਂ ਇਸ ਦੀ ਮੰਗ ਕਰ ਸਕਦੇ ਹੋ।

ਤੁਹਾਡੀ ਅਪੋਇੰਟਮੈਂਟ ਉਸ ਦਿਨ ਹੋਣੀ ਚਾਹੀਦੀ ਹੈ ਜਦੋਂ ਤੁਹਾਡੀ ਮਾਂਹਵਾਰੀ ਨ ਚਲ ਰਹੀ ਹੋਵੇ। ਜੇ ਤੁਹਾਡੀ ਮਾਂਹਵਾਰੀ ਨਾ ਚਲ ਨਹੀਂ ਹੈ, ਤਾਂ ਤੁਹਾਡੀ ਕਿਸੇ ਵੀ ਸਮੇਂ ਜਾਂਚ ਕੀਤੀ ਜਾ ਸਕਦੀ ਹੈ।

ਕਿਰਪਾ ਕਰਕੇ ਆਪਣੇ ਟੈਸਟ ਕਰਵਾਉਣ ਤੋਂ 2 ਦਿਨ ਪਹਿਲਾਂ ਯੋਨੀ ਦੀ ਕੋਈ ਵੀ ਦਵਾਈ, ਲੂਬਰੀਕੈਂਟ ਜਾਂ ਕਰੀਮ ਦੀ ਵਰਤੋਂ ਨਾ ਕਰੋ ਕਿਉਂਕਿ ਉਹ ਨਤੀਜੇ ਤੇ ਅਸਰ ਪਾ ਸਕਦੇ ਹਨ।

ਆਪਣੀ ਨਰਸ ਜਾਂ ਡਾਕਟਰ ਨਾਲ ਗੱਲ ਕਰੋ ਜੇ ਤੁਸੀਂ:

- ਤੁਸੀਂ ਗਰਭਵਤੀ ਹੋ
- ਹਿਸਟਰੇਕਟੋਮੀ ਕਰਵਾਈ ਹੈ
- ਸੋਚਦੇ ਹੋ ਕਿ ਤੁਹਾਡੇ ਲਈ ਟੈਸਟ ਕਰਾਉਣਾ ਔਖਾ ਹੋਵੇਗਾ

ਜੇ ਤੁਸੀਂ ਸਕ੍ਰੀਨਿੰਗ ਤੋਂ ਘਬਰਾ ਰਹੇ ਹੋ ਤਾਂ ਤੁਸੀਂ ਆਪਣੀ ਨਰਸ ਜਾਂ ਡਾਕਟਰ ਨਾਲ ਗੱਲ ਕਰ ਸਕਦੇ ਹੋ। ਉਹ ਤੁਹਾਡੇ ਕਿਸੇ ਵੀ ਪ੍ਰਸ਼ਨ ਜਾਂ ਚਿੰਤਾਵਾਂ ਦੇ ਬਾਰੇ ਗੱਲ ਕਰ ਸਕਦੇ ਹਨ। ਜੇ ਤੁਸੀਂ ਸਕ੍ਰੀਨਿੰਗ ਕਰਾਉਣਾ ਚਾਹੁੰਦੇ ਹੋ, ਤਾਂ ਉਹ ਤੁਹਾਨੂੰ ਹੋਰ ਅਰਾਮਦਾਇਕ ਮਹਿਸੂਸ ਕਰਾਉਣ ਲਈ ਪ੍ਰਬੰਧ ਕਰ ਸਕਦੇ ਹਨ।


## ਤੁਹਾਡੀ ਅਪੋਇੰਟਮੈਂਟ ਤੇ

ਅਸਲ ਟੈਸਟ ਸਿਰਫ 1 ਤੋਂ 2 ਮਿੰਟ ਦਾ ਸਮਾਂ ਲੱਗਦਾ ਹੈ। ਪੂਰੀ ਅਪੋਇੰਟਮੈਂਟ ਵਿੱਚ ਆਮ ਤੌਰ 'ਤੇ ਲਗਪਗ 10 ਮਿੰਟ ਲੱਗਦੇ ਹਨ।

ਨਰਸ ਜਾਂ ਡਾਕਟਰ ਤੁਹਾਨੂੰ ਆਪਣੀ ਕਮਰ ਤੋਂ ਹੇਠਾਂ ਕੱਪੜੇ ਲਹਾਉਣ (ਜਾਂ ਜੇ ਤੁਸੀਂ ਢਿੱਲੀ ਸਕਰਟ ਪਾਈ ਹੋਈ ਹੈ ਤਾਂ ਤੁਹਾਨੂੰ ਸਿਰਫ਼ ਆਪਣਾ ਅੰਡਰਵੀਅਰ ਲਹਾਉਣ ਨੂੰ) ਅਤੇ ਪਲੰਗ ਤੇ ਲੇਟਕੇ ਗੋਡਿਆਂ ਨੂੰ ਮੋੜਨ ਅਤੇ ਦੂਰ-ਦੂਰ ਰੱਖਣ ਲਈ ਕਹਿਣਗੇ। ਤੁਹਾਡੇ ਪੇਟ ਅਤੇ ਲੱਕ ਨੂੰ ਢੱਕਣ ਲਈ ਤੁਹਾਡੇ ਕੋਲ ਇਕ ਕਾਗਜ਼ ਦੀ ਸ਼ੀਟ ਜਾਂ ਤੌਲੀਆ ਹੋਵੇਗਾ।

ਉਹ ਤੁਹਾਡੀ ਯੋਨੀ ਵਿੱਚ ਇੱਕ ਸਪੇਕਿਉਲਮ ਨਾਮ ਦਾ ਇਕ ਉਪਕਰਣ ਪਾਉਣਗੇ ਅਤੇ ਉਸਨੂੰ ਹੌਲੀ-ਹੌਲੀ ਖੋਲਣਗੇ। ਇਹ ਉਨ੍ਹਾਂ ਨੂੰ ਤੁਹਾਡੇ ਸਰਵਿਕਸ ਨੂੰ ਦੇਖਣ ਵਿੱਚ ਮਦਦ ਕਰਦਾ ਹੈ। ਇਹ ਸਪੇਕਿਉਲਮ ਆਮ ਤੌਰ 'ਤੇ ਪਲਾਸਟਿਕ ਦਾ ਬਣਿਆ ਹੁੰਦਾ ਹੈ ਅਤੇ ਹਰੇਕ ਸਕ੍ਰੀਨਿੰਗ ਟੈਸਟ ਲਈ ਨਵਾਂ ਵਰਤਿਆ ਜਾਂਦਾ ਹੈ। ਉਸਤੋਂ ਬਾਅਦ ਨਰਸ ਜਾਂ ਡਾਕਟਰ ਤੁਹਾਡੇ ਸਰਵਿਕਸ ਦੀ ਸਤਹ ਤੋਂ ਸੈੱਲਾਂ ਦਾ ਨਮੂਨਾ ਲੈਣ ਲਈ ਇੱਕ ਛੋਟਾ ਨਰਮ ਬੁਰਸ਼ ਵਰਤਦਾ ਹੈ। ਤੁਸੀਂ ਕੁਝ ਬੇਅਰਾਮੀ ਮਹਿਸੂਸ ਹੋ ਸਕਦੀ ਹੈ, ਪਰ ਉਹ ਛੇਤੀ ਹੀ ਚਲੀ ਜਾਂਦੀ ਹੈ। ਜੇ ਦਰਦ ਮਹਿਸੂਸ ਹੁੰਦੀ ਹੈ, ਤਾਂ ਨਰਸ ਜਾਂ ਡਾਕਟਰ ਨੂੰ ਦੱਸੋ ਅਤੇ ਉਹ ਤੁਹਾਡੇ ਲਈ ਇਸ ਨੂੰ ਹੋਰ ਅਰਾਮਦਾਇਕ ਬਣਾਉਣ ਦੀ ਕੋਸ਼ਿਸ਼ ਕਰਨਗੇ।

ਸਕ੍ਰੀਨਿੰਗ ਦੀ ਅਪੋਇੰਟਮੈਂਟ ਦਾ ਨਿਯੰਤਰਣ ਤੁਹਾਡੇ ਹੱਥ ਵਿੱਚ ਹੈ, ਅਤੇ ਤੁਸੀਂ ਕਿਸੇ ਵੀ ਉਸਨੂੰ ਰੋਕਣ ਲਈ ਕਹਿ ਸਕਦੇ ਹੋ।




© ਜੋਜ਼ ਸਰਵਾਈਕਲ ਕੈਂਸਰ ਟਰੱਸਟ

ਚਿੱਤਰ ਦਰਸਾਉਂਦਾ ਹੈ ਕਿ ਸਪੇਕਿਉਲਮ ਮਖੌਲੀ ਅਤੇ ਛੋਟੇ ਨਰਮ ਬ੍ਰਸ਼ ਦੀ ਵਰਤੋਂ ਕਰਦੇ ਹੋਏ ਸਰਵਾਈਕਲ ਸਕ੍ਰੀਨਿੰਗ ਦਾ ਨਮੂਨਾ ਕਿਵੇਂ ਲਿਆ ਜਾਂਦਾ ਹੈ।

# ਸਰਵਾਈਕਲ ਸਕ੍ਰੀਨਿੰਗ ਦੇ ਨਤੀਜੇ

ਤੁਸੀਂ ਆਪਣੇ ਨਤੀਜਿਆਂ ਦੇ ਪੱਤਰ ਦੀ ਉੱਮੀਦ ਕਦੋਂ ਕਰ ਸਕਦੇ ਹੋ ਇਸ ਬਾਰੇ ਨਰਸ ਜਾਂ ਡਾਕਟਰ ਤੁਹਾਨੂੰ ਦੱਸਣਗੇ। 4 ਸੰਭਵ ਨਤੀਜੇ ਹੁੰਦੇ ਹਨ:

### 1. ਐਚਪੀਵੀ ਨੈਗੇਟਿਵ

ਐਚਪੀਵੀ ਨੈਗੇਟਿਵ ਨਤੀਜੇ ਦਾ ਮਤਲਬ ਹੈ ਕਿ ਅਸੀਂ ਅੱਗੇ ਕੋਈ ਹੋਰ ਟੈਸਟ ਨਹੀਂ ਕਰਾਂਗੇ। ਇਸ ਨਤੀਜੇ ਦਾ ਮਤਲਬ ਹੈ ਕਿ ਬਹੁਤ ਘੱਟ ਸੰਭਾਵਨਾ ਹੈ ਕਿ ਤੁਹਾਡੇ ਅੰਦਰ ਕੋਈ ਅਸਧਾਰਨ ਸਰਵਾਈਕਲ ਸੈੱਲਾਂ ਹੋਣਗੀਆਂ। ਭਾਵੇਂ ਤੁਹਾਡੇ ਅੰਦਰ ਉਹ ਹਨ, ਤਾਂ ਵੀ ਇਹ ਬਿਲਕੁਲ ਅਸੰਭਵ ਹੋਵੇਗਾ ਕਿ ਉਹ ਕਿਸੇ ਸਮੱਸਿਆ ਦਾ ਕਾਰਨ ਬਣ ਸਕਣਗੀਆਂ। ਅਸੀਂ 3 ਜਾਂ 5 ਸਾਲਾਂ ਦੇ ਸਮੇਂ (ਤੁਹਾਡੀ ਉਮਰ ਦੇ ਅਧਾਰ 'ਤੇ) ਦੁਬਾਰਾ ਫਿਰ ਸਕ੍ਰੀਨਿੰਗ ਲਈ ਤੁਹਾਨੂੰ ਕਾਲ ਕਰਾਂਗੇ।

### 2. ਐਚਪੀਵੀ ਪਾਜ਼ਿਟਿਵ: ਕੋਈ ਅਸਧਾਰਨ ਸੈੱਲ ਨਹੀਂ


ਜੇ ਤੁਹਾਡਾ ਨਮੂਨਾ ਐਚਪੀਵੀ ਪਾਜ਼ਿਟਿਵ ਹੈ ਤਾਂ ਅਸੀਂ ਇਸਦੀ ਜਾਂਚ ਅਸਧਾਰਨ ਸਰਵਾਈਕਲ ਸੈੱਲਾਂ ਲਈ ਕਰਦੇ ਹਾਂ। ਜੇ ਕੋਈ ਅਸਧਾਰਨ ਸੈੱਲਾਂ ਨਹੀਂ ਮਿਲਦੀਆਂ ਹਨ ਤਾਂ ਤੁਹਾਡੇ ਨਤੀਜਾ ਇਹ ਹੋਵੇਗਾ ਕਿ ਤੁਹਾਨੂੰ ਐਚਪੀਵੀ ਹੈ, ਪਰ ਕੋਈ ਅਸਧਾਰਨ ਸੈੱਲ ਨਹੀਂ ਹੈ। ਅਸੀਂ ਤੁਹਾਨੂੰ ਜਲਦੀ ਸਮੇਂ ਤੋਂ ਪਹਿਲਾਂ ਦੁਬਾਰਾ ਸਕ੍ਰੀਨਿੰਗ ਲਈ ਸੱਦਾਂਗੇ (ਤੁਹਾਡਾ ਨਤੀਜਾ ਪੱਤਰ ਦੱਸੇਗਾ ਕਿ ਕਦੋਂ)। ਇਹ ਇਸ ਲਈ ਹੁੰਦਾ ਹੈ ਕਿ ਅਸੀਂ ਇਹ ਪਤਾ ਲਗਾ ਸਕਦੇ ਹਾਂ ਕਿ ਕੀ ਤੁਹਾਡੀ ਇਮਿਊਨ ਸਿਸਟਮ ਨੇ ਐਚਪੀਵੀ ਤੇ ਕਾਬੂ ਕਰ ਲਿਆ ਹੈ ਜਾਂ ਨਹੀਂ (ਇਹ ਜ਼ਿਆਦਾਤਰ ਮਾਮਲਿਆਂ ਵਿੱਚ ਹੁੰਦਾ ਹੈ)।

### 3. ਐਚ ਪੀ ਵੀ ਪਾਜ਼ਿਟਿਵ: ਅਸਧਾਰਨ ਸੈੱਲਾਂ ਮਿਲੀਆਂ

ਅਸਧਾਰਣ ਸੈੱਲਾਂ ਦੇ ਕਈ 'ਗ੍ਰੇਡ' ਹੁੰਦੇ ਹਨ ਕਿਉਂਕਿ ਕੁਝ ਦੂਜਿਆਂ ਦੇ ਨਾਲੋਂ ਵਧੇਰੇ ਗੰਭੀਰ ਹੁੰਦੇ ਹਨ। ਤੁਹਾਡਾ ਨਤੀਜਾ ਪੱਤਰ ਤੁਹਾਨੂੰ ਇਹ ਦੱਸੇਗਾ ਕਿ ਤੁਹਾਡੇ ਨਤੀਜਿਆਂ ਦਾ ਕੀ ਅਰਥ ਹੈ। ਜੇ ਤੁਹਾਨੂੰ ਐਚਪੀਵੀ ਹੈ ਅਤੇ ਅਸਾਧਾਰਣ ਸਰਵਾਈਕਲ ਸੈੱਲਾਂ ਦਾ ਕੋਈ ਵੀ ਗ੍ਰੇਡ ਹੈ, ਤਾਂ ਅਸੀਂ ਤੁਹਾਨੂੰ ਕੋਲੋਪੋਸਕੋਪੀ ਲਈ ਭੇਜਾਂਗੇ (ਦੇਖੋ ਸਫ਼ਾ 11)। ਅਸੀਂ ਤੁਹਾਨੂੰ ਸਾਡੀ ਜਾਣਕਾਰੀ ਦਾ ਪਰਚਾ 'ਐਨਐਚਐਸ ਸਰਵਾਈਕਲ ਸਕ੍ਰੀਨਿੰਗ - ਕੋਲਪੋਸਕੋਪੀ ਕਰਾਉਣਾ' ਭੇਜਾਂਗੇ।

### 4. ਅਢੁਕਵਾਂ ਨਤੀਜਾ

ਕਦੇ-ਕਦਾਈਂ ਇੱਕ ਨਮੂਨਾ ਨੂੰ 'ਅਢੁੱਕਵਾਂ' ਕਿਹਾ ਜਾ ਸਕਦਾ ਹੈ ਇਹ ਤਕਨੀਕੀ ਖ਼ਰਾਬੀ ਦੇ ਕਾਰਨ ਹੋ ਸਕਦਾ ਹੈ, ਉਦਾਹਰਨ ਦੇ ਤੌਰ ਤੇ ਜੇਕਰ ਪ੍ਰਯੋਗਸ਼ਾਲਾ ਤੁਹਾਡੇ ਨਮੂਨੇ ਦੇ ਐਚਪੀਵੀ ਟੈਸਟ ਦੇ ਨਤੀਜੇ ਪ੍ਰਾਪਤ ਨਹੀਂ ਕਰ ਸਕਦਾ ਜਾਂ ਇਹ ਨਹੀਂ ਵੇਖ ਸਕਦਾ ਕਿ ਅਸਧਾਰਨ ਸੈੱਲਾਂ ਮੌਜੂਦ ਹਨ ਜਾਂ ਨਹੀਂ। ਜੇ ਤੁਹਾਡਾ ਟੈਸਟ ਢੁਕਵਾਂ ਨਹੀਂ ਹੈ, ਤਾਂ ਅਸੀਂ ਤੁਹਾਨੂੰ 3 ਮਹੀਨਿਆਂ ਦੇ ਸਮੇਂ ਵਿੱਚ ਸਰਵਾਈਕਲ ਸਕ੍ਰੀਨਿੰਗ ਕਰਵਾਉਣ ਲਈ ਕਹਾਂਗੇ। ਅਸੀਂ ਉਡੀਕ ਕਰਦੇ ਹਾਂ ਤਾਂ ਕਿ ਦੁਬਾਰਾ ਇੱਕ ਨਮੂਨਾ ਲੈਣ ਲਈ ਕਾਫ਼ੀ ਸੈੱਲ ਹੋਣ।




ਚਿੱਤਰ ਹਰ 100 ਲੋਕਾਂ ਦੇ ਨਤੀਜਿਆਂ ਨੂੰ ਦਿਖਾਉਂਦਾ ਹੈ ਜਿਨ੍ਹਾਂ ਨੇ ਸਰਵਾਈਕਲ ਸਕ੍ਰੀਨਿੰਗ ਕਰਵਾਈ ਹੈ

# ਸਕ੍ਰੀਨਿੰਗ ਤੋਂ ਬਾਅਦ ਨਮੂਨੀਆਂ ਦਾ ਕੀ ਹੁੰਦਾ ਹੈ

ਤੁਹਾਡੀ ਸਕ੍ਰੀਨਿੰਗ ਦੇ ਨਤੀਜਿਆਂ ਦੇ ਆਧਾਰ ਤੇ ਤੁਹਾਡਾ ਸਕ੍ਰੀਨਿੰਗ ਨਮੂਨਾ ਪ੍ਰਯੋਗਸ਼ਾਲਾ ਦੁਆਰਾ ਘੱਟੋ ਘੱਟ 10 ਸਾਲਾਂ ਲਈ ਰੱਖਿਆ ਜਾ ਸਕਦਾ ਹੈ। ਤੁਹਾਡਾ ਨਤੀਜਾ ਇੱਕ ਕੌਮੀ ਸੁਰੱਖਿਤ ਕੰਪਿਊਟਰ ਸਿਸਟਮ ਤੇ ਰੱਖਿਆ ਜਾਵੇਗਾ ਤਾਂ ਜੋ ਐਨਐਚਐਸ ਤੁਹਾਡੇ ਨਵੀਨਤਮ ਨਤੀਜਿਆਂ ਦੀ ਤੁਹਾਡੇ ਪਹਿਲਾਂ ਦੇ ਨਤੀਜਿਆਂ ਨਾਲ ਤੁਲਨਾ ਕਰ ਸਕੇ।

ਪਬਲਿਕ ਹੈਲਥ ਇੰਗਲੈਂਡ ਅਤੇ ਐਨਐਚਐਸ ਤੁਹਾਡੀ ਸਕ੍ਰੀਨਿੰਗ ਦੀ ਜਾਣਕਾਰੀ ਨੂੰ ਕਿਵੇਂ ਵਰਤਦੇ ਹਨ ਅਤੇ ਇਸ ਦੀ ਸੁਰੱਖਿਆ ਕਰਦੇ ਹਨ ਇਹ ਪਤਾ ਕਰੋ: www.gov.uk/phe/screening-data

# ਕੋਲਪੋਸਕੋਪੀ

ਕੋਲਪੋਸਕੋਪੀ ਆਮ ਤੌਰ 'ਤੇ ਕਿਸੇ ਹਸਪਤਾਲ ਦੇ ਕਲੀਨਿਕ ਵਿਚ ਕੀਤੀ ਜਾਂਦੀ ਹੈ। ਕੋਈ ਸਪੈਸ਼ਲਿਸਟ ਇੱਕ ਚਾਨਣ ਵਿੱਚ (ਇੱਕ 'ਕੋਲਪੋਸਕੋਪ') ਦੇ ਨਾਲ ਇਕ ਵਿਸਥਾਰ ਕਰਨ ਵਾਲੇ ਲੈਂਸ ਨੂੰ ਵਰਤ ਕੇ ਤੁਹਾਡੇ ਸਰਵਿਕਸ ਨੂੰ ਬਾਰੀਕੀ ਨਾਲ ਵੇਖੇਗਾ। ਉਹ ਤੁਹਾਡੇ ਸਰਵਿਕਸ ਦੇ ਕਿਸੇ ਵੀ ਅਸਧਾਰਨ ਨਜ਼ਰ ਆਉਣ ਵਾਲੇ ਖੇਤਰ ਨੂੰ ਚੈੱਕ ਕਰਨ ਲਈ ਛੋਟੇ ਟਿਸ਼ੂ ਦਾ ਇਕ ਨਮੂਨਾ (ਇਕ ਬਾਇਓਪਸੀ) ਲੈ ਸਕਦੇ ਹਨ। ਜੇ ਅਸਾਧਾਰਣ ਸੈੱਲ ਗੰਭੀਰ ਹੋਣ ਤਾਂ ਉਹਨਾਂ ਨੂੰ ਹਟਾਉਣ ਲਈ ਤੁਹਾਨੂੰ ਇਲਾਜ ਦੀ ਜ਼ਰੂਰਤ ਹੋ ਸਕਦੀ ਹੈ। ਇਹ ਸਰਵਾਈਕਲ ਦੇ ਕੈਂਸਰ ਨੂੰ ਰੋਕਣ ਵਿਚ ਮਦਦ ਕਰਦਾ ਹੈ।

ਤੁਸੀਂ ਸਾਡੇ ਪਰਚੇ ਵਿਚ ਕੋਲੋਪੋਸਕੋਪੀ ਬਾਰੇ ਹੋਰ ਪੜ੍ਹ ਸਕਦੇ ਹੋ: www.gov.uk/government/publications/cervical-screening-colposcopy

# ਸਰਵਾਈਕਲ ਸਕ੍ਰੀਨਿੰਗ ਦੇ ਸੰਭਵਿਤ ਲਾਭ ਅਤੇ ਜੋਖਮ

ਇਹ ਤੁਹਾਡੀ ਪਸੰਦ ਹੈ ਕਿ ਤੁਸੀਂ ਸਰਵਾਈਕਲ ਸਕ੍ਰੀਨਿੰਗ ਕਰਵਾਉਣੀ ਹੈ ਜਾਂ ਨਹੀਂ। ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਅਸੀਂ ਸੰਭਾਵੀ ਲਾਭਾਂ ਅਤੇ ਜੋਖਮਾਂ ਬਾਰੇ ਜਾਣਕਾਰੀ ਸ਼ਾਮਿਲ ਕੀਤੀ ਹੈ।

## ਸੰਭਵਿਤ ਲਾਭ

ਸਰਵਾਈਕਲ ਸਕ੍ਰੀਨਿੰਗ ਸਰਵਾਈਕਲ ਕੈਂਸਰ ਨੂੰ ਰੋਕਣ ਵਿੱਚ ਮਦਦ ਕਰਦੀ ਹੈ। ਸਰਵਾਈਕਲ ਸਕ੍ਰੀਨਿੰਗ ਹਰ ਸਾਲ ਯੂਕੇ ਵਿਚ ਸਰਵਾਈਕਲ ਕੈਂਸਰ ਤੋਂ ਹਜ਼ਾਰਾਂ ਜਾਨਾਂ ਬਚਾਉਂਦੀ ਹੈ.[1,2]

## ਸੰਭਾਵਿਤ ਜੋਖਮ

ਸਰਵਾਈਕਲ ਸਕ੍ਰੀਨਿੰਗ ਦਾ ਮੁੱਖ ਜੋਖਮ ਕੋਲੋਪੋਸਕੋਪੀ ਦੇ ਦੌਰਾਨ ਅਸਾਧਾਰਣ ਸੈੱਲਾਂ ਨੂੰ ਹਟਾਉਣ ਦਾ ਹੁੰਦਾ ਹੈ ਹਨ ਨਾ ਕਿ ਸਕ੍ਰੀਨਿੰਗ ਟੈਸਟ ਤੋਂ। ਅਸਧਾਰਨ ਸੈੱਲਾਂ ਨੂੰ ਹਟਾਉਣ ਨਾਲ ਕਈ ਵਾਰ ਖੂਨ ਨਿਕਲਣਾ ਜਾਂ ਕੋਈ ਲਾਗ ਹੋ ਸਕਦੀ ਹੈ, ਅਤੇ ਇਹ ਭਵਿੱਖ ਦੀਆਂ ਗਰਭ-ਅਵਸਥਾਵਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਜਿਹੜੀਆਂ ਔਰਤਾਂ ਅਸਧਾਰਨ ਸੈੱਲਾਂ ਨੂੰ ਹਟਾਉਣ ਤੋਂ ਬਾਅਦ ਗਰਭਵਤੀ ਹੁੰਦੀਆਂ ਹਨ ਉਹਨਾ ਨੂੰ ਮਿਆਰੀ ਇਲਾਜ ਕਰਾਉਣ ਤੇ ਜਲਦੀ ਬੱਚੇ ਨੂੰ ਜਨਮ ਦੇਣ ਦਾ ਵਧਿਆ ਹੋਇਆ ਖ਼ਤਰਾ **ਨਹੀਂ**ਹੁੰਦਾ ਹੈ। ਜੇ ਵੱਧ ਸਰਵਾਈਕਲ ਟਿਸ਼ੂ ਨੂੰ ਹਟਾਏ ਜਾਣ ਦੀ ਲੋੜ ਹੁੰਦੀ ਹੈ, ਤਾਂ ਔਰਤਾਂ ਦੇ ਬੱਚਿਆਂ ਦੇ 1 ਤੋਂ 2 ਮਹੀਨਿਆਂ ਪਹਿਲਾਂ ਜਨਮ ਲੈਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਹ ਲਗਭਗ 16% ਔਰਤਾਂ (100 ਵਿੱਚੋਂ 16) ਨੂੰ ਪ੍ਰਭਾਵਿਤ ਕਰ ਸਕਦਾ ਹੈ ਜੋ ਇਹ ਵਧ ਵਿਆਪਕ ਇਲਾਜ ਕਰਾਉਂਦੀਆਂ ਹਨ ਅਤੇ ਉਸਤੋਂ ਬਾਅਦ ਬੱਚੇ ਨੂੰ ਜਨਮ ਦਿੰਦਿਆਂ ਹਨ। [4]

ਅਸਧਾਰਨ ਸੈੱਲਾਂ ਨੂੰ ਹਟਾਏ ਜਾਣ ਵਾਲੇ ਹਰ ਵਿਅਕਤੀ ਦੇ ਅੰਦਰ ਸਰਵਾਈਕਲ ਕੈਂਸਰ ਵਿਕਸਤ ਨਹੀਂ ਹੋਇਆ ਹੈ। ਅਸੀਂ ਗੰਭੀਰ ਅਸਾਧਾਰਣ ਸੈੱਲਾਂ ਵਾਲੇ ਹਰ ਕਿਸੇ ਇਨਸਾਨ ਲਈ ਇਲਾਜ ਪ੍ਰਦਾਨ ਕਰਦੇ ਹਾਂ ਕਿਉਂਕਿ ਇਹ ਦੱਸਣਾ ਸੰਭਵ ਨਹੀਂ ਹੁੰਦਾ ਕਿ ਕਿਸ ਨੂੰ ਸਰਵਾਈਕਲ ਕੈਂਸਰ ਹੋ ਸਕਦਾ ਹੈ ਅਤੇ ਕਿਸ ਨੂੰ ਨਹੀਂ ਹੋ ਸਕਦਾ ਹੈ।

# ਸਰਵਾਈਕਲ ਕੈਂਸਰ ਦੇ ਲੱਛਣ

ਕੈਂਸਰ ਤੁਹਾਡੇ ਨਿਯਮਤ ਸਕ੍ਰੀਨਿੰਗ ਟੈਸਟਾਂ ਵਿਚਾਲੇ ਵੱਧਣਾ ਸ਼ੁਰੂ ਹੋ ਸਕਦਾ ਹੈ। ਤੁਹਾਡੇ ਲਈ ਕਿਸੇ ਵੀ ਅਸਾਧਾਰਨ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ, ਖਾਸ ਤੌਰ 'ਤੇ:

- ਤੁਹਾਡੀ ਮਾਂਹਵਾਰੀ ਦੇ ਵਿੱਚ, ਸੈਕਸ ਦੇ ਦੌਰਾਨ ਜਾਂ ਬਾਅਦ ਵਿੱਚ, ਜਾਂ ਮੇਨੋਪੌਜ਼ ਤੋਂ ਬਾਅਦ ਖੂਨ ਨਿਕਲਣਾ
- ਯੋਨੀ ਦੇ ਰਿਸਾਵ ਵਿਚ ਤਬਦੀਲੀ

**ਸਕ੍ਰੀਨਿੰਗ ਲੱਛਣਾਂ ਦੀ ਜਾਂਚ ਕਰਨ ਲਈ ਕੋਈ ਟੈਸਟ ਨਹੀਂ ਹੈ।**

ਜੇ ਤੁਹਾਡੇ ਸ਼ਰੀਰ ਵਿੱਚ ਇਹਨਾਂ ਵਿੱਚੋਂ ਕੋਈ ਤਬਦੀਲੀ ਹੋਈ ਹੈ, ਤਾਂ ਆਪਣੀ ਅਗਲੀ ਸਰਵਾਈਕਲ ਸਕ੍ਰੀਨਿੰਗ ਦੀ ਅਪੋਇੰਟਮੈਂਟ ਨੂੰ ਨਾ ਉਡੀਕੋ। ਜਿੰਨੀ ਛੇਤੀ ਹੋ ਸਕੇ ਆਪਣੇ ਜੀਪੀ ਨੂੰ ਮਿਲੋ ਤੁਹਾਡਾ ਜੀਪੀ ਤੁਹਾਡਾ ਮੁਆਇਨਾ ਕਰ ਸਕਦਾ ਹੈ ਅਤੇ ਜੇ ਜ਼ਰੂਰੀ ਹੋ ਤਾਂ ਤੁਹਾਨੂੰ ਗਾਇਨੇਕੋਲੋਜੀ ਕਲਿਨਿਕ ਭੇਜ ਸਕਦਾ ਹੈ।

ਆਮ ਤੌਰ ਤੇ ਇਹ ਲੱਛਣਾਂ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ। ਪਰ ਜੇ ਤੁਹਾਨੂੰ ਕੈਂਸਰ ਹੋਣ ਦਾ ਪਤਾ ਲੱਗਦਾ ਹੈ, ਇਸਦਾ ਨਿਦਾਨ ਕਰਨਾ ਅਤੇ ਛੇਤੀ ਇਲਾਜ ਕਰਾਉਣ ਦਾ ਮਤਲਬ ਹੋ ਸਕਦਾ ਹੈ ਕਿ ਤੁਹਾਡੇ ਜਿੰਦਾ ਬਚਣ ਦੀ ਜ਼ਿਆਦਾ ਸੰਭਾਵਨਾ ਹੈ।

# ਵਧੇਰੇ ਜਾਣਕਾਰੀ ਅਤੇ ਸਹਾਇਤਾ

ਜੇ ਸਰਵੀਕਲ ਸਕ੍ਰੀਨਿੰਗ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ ਆਪਣੇ ਜੀਪੀ, ਪ੍ਰੈਕਟੀਸ ਨਰਸ ਨਾਲ ਗੱਲ ਕਰ ਸਕਦੇ ਹੋ ਜਾਂ ਸਥਾਨਕ ਗਰੱਭਨਿਰੋਧਕ/ਜਿਨਸੀ ਸਿਹਤ ਕਲੀਨਿਕ ਜਾ ਸਕਦੇ ਹੋ।

ਸਰਵਾਈਕਲ ਸਕ੍ਰੀਨਿੰਗ ਬਾਰੇ ਵਧੇਰੇ ਜਾਣਕਾਰੀ ਇੱਥੇ ਹੈ:
www.nhs.uk/cervical

ਕੋਲਪੋਸਕੋਪੀ ਬਾਰੇ ਵਧੇਰੇ ਜਾਣਕਾਰੀ ਲਈ, ਇੱਥੇ ਸਾਡਾ ਪਰਚਾ ਵੇਖੋ:
www.gov.uk/government/publications/cervical-screening-colposcopy

ਸਕ੍ਰੀਨਿੰਗ ਨੂੰ ਛੱਡਣ ਲਈ, ਦੇਖੋ:
www.gov.uk/phe/screening-opt-out

# ਹਵਾਲੇ

1. ਪੀਟੋ, ਆਰ ਅਤੇ ਹੋਰ ਲੋਕੀ (2004)। ਸਰਵਾਈਕਲ ਕੈਂਸਰ ਦੀ ਮਹਾਂਮਾਰੀ ਜਿਸਨੂੰ ਯੂਕੇ ਵਿੱਚ ਸਕ੍ਰੀਨਿੰਗ ਨੇ ਰੋਕਿਆ ਹੈ। ਲੈਂਸੈੱਟ 35, 249-256.

2. ਕੈਸਟੈਨਨ, ਏ ਅਤੇ ਹੋਰ ਲੋਕੀ (2017) ਪ੍ਰਮੁੱਖ ਮਨੁੱਖੀ ਪੈਪੀਲੋਮਾਵਾਇਰਸ ਟੈਸਟਿੰਗ ਦੇ ਦੁਆਰਾ ਇੰਗਲੈਂਡ ਵਿਚ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਨੂੰ ਕਿੰਨਾ ਕੁ ਘੱਟ ਕੀਤਾ ਜਾ ਸਕਦਾ ਹੈ? ਜਰਨਲ ਆਫ਼ ਮੈਡੀਕਲ ਸਕ੍ਰੀਨਿੰਗ ਵੋਲ. 24, (2) 110-112.

3. ਪਬਲਿਕ ਹੈਲਥ ਇੰਗਲੈਂਡ ਹੈਲਥ ਮੈਟਰਸ: ਸਰਵਾਈਕਲ ਸਕ੍ਰੀਨਿੰਗ ਨੂੰ ਵਧੇਰੇ ਪਹੁੰਚਯੋਗ ਬਣਾਉਣਾ (2017) 14/03/2019 ਨੂੰ ਵੇਖਿਆ ਗਿਆ
www.gov.uk/government/publications/health-matters-making-cervical-screening-more-accessible/health-matters-making-cervical-screening-more-accessible--2

4. ਸੈਸੀਐਨੀ, ਪੀ ਅਤੇ ਹੋਰ ਲੋਕੀ (2015). ਸਰਵਾਈਕਲ ਰੋਗ ਲਈ ਸਰਜੀਕਲ ਇਲਾਜ ਦੇ ਬਾਅਦ ਸਮੇਂ ਤੋਂ ਪਹਿਲਾਂ-ਜਨਮ ਦਾ ਜੋਖਮ: ਹਾਲ ਹੀ ਦੇ ਇਕ ਸਿਮਪੋਸ਼ੀਅਮ ਦਾ ਕਾਰਜਕਾਰੀ ਸਾਰਾਂਸ਼ ਬ੍ਰਿਟਿਸ਼ ਜਰਨਲ ਆਫ਼ ਓਬਸਟੇਟ੍ਰਿਕਸ ਐਂਡ ਗਾਇਨਕੋਲੋਜੀ 123: 1429-1429.

ਇਸ ਪਰਚੇ ਦਾ ਇੱਕ ਐਚਟੀਐਮਐਲਐਸ (HTML) ਰੂਪ ਉਪਲਬਧ ਹੈ ਤੁਸੀਂ ਵੱਡੇ ਪ੍ਰਿੰਟ ਵਿੱਚ ਇਸਨੂੰ ਦੇਖ ਅਤੇ ਡਾਊਨਲੋਡ ਕਰ ਸਕਦੇ ਹੋ, ਅਤੇ ਇੱਕ ਔਡੀਓ ਸੰਸਕਰਣ ਲਈ ਸਕ੍ਰੀਨ ਰੀਡਰ ਦੀ ਵਰਤੋਂ ਕਰ ਸਕਦੇ ਹੋ। ਵੇਖੋ:
www.gov.uk/phe/cervical-screening-leaflet

ਅਸੀਂ ਇੱਕ ਬ੍ਰੇਲ ਸੰਸਕਰਣ ਮੁਹੱਈਆ ਕਰਾ ਸਕਦੇ ਹਾਂ। ਈਮੇਲ:
phe.screeninghelpdesk@nhs.net

ਚਿੱਤਰ ਦੇ ਕ੍ਰੈਡਿਟ
ਕਵਰ ਦਾ ਚਿੱਤਰ: Shutterstock/Rawpixel.com
ਸਫ਼ਾ 8: ਜੋਜ਼ ਸਰਵਾਈਕਲ ਕੈਂਸਰ ਟਰੱਸਟ

ਤੁਸੀਂ ਓਪਨ ਸਰਕਾਰੀ ਲਾਈਸੈਂਸ v3.0 ਦੀਆਂ ਸ਼ਰਤਾਂ ਅਧੀਨ, ਕਿਸੇ ਵੀ ਫਾਰਮੇਟ ਜਾਂ ਮੀਡੀਅਮ ਵਿਚ ਮੁਫਤ (ਲੋਗੋ ਤੋਂ ਇਲਾਵਾ) ਇਸ ਜਾਣਕਾਰੀ ਦੀ ਮੁੜ ਵਰਤੋਂ ਕਰ ਸਕਦੇ ਹੋ। ਜਿੱਥੇ ਅਸੀਂ ਕਿਸੇ ਤੀਜੀ ਪਾਰਟੀ ਦੀ ਕਾਪੀਰਾਈਟ ਦੀ ਜਾਣਕਾਰੀ ਦੀ ਪਛਾਣ ਕੀਤੀ ਹੈ, ਤੁਹਾਨੂੰ ਸਬੰਧਤ ਕਾਪੀਰਾਈਟ ਧਾਰਕਾਂ ਦੀ ਇਜਾਜ਼ਤ ਲੈਣ ਦੀ ਜ਼ਰੂਰਤ ਹੋਏਗੀ.

ਪੀ ਐਚ ਦੇ ਪ੍ਰਕਾਸ਼ਨ ਗੇਟਵੇ ਨੰਬਰ: GW-339
**ਪਹਿਲੀ ਵਾਰ ਪ੍ਰਕਾਸ਼ਿਤ:**ਜੂਨ 2019
**ਇਹ ਸੰਸਕਰਣ:**ਜੂਨ 2019
**ਅਗਲੀ ਸਮੀਖਿਆ:**ਜੂਨ 2022

**ਪਰਚੇ ਦਾ ਹਵਾਲਾ:**CSP14
PN2464547
© ਕ੍ਰਾਉਨ ਕਾਪੀਰਾਈਟ 2019

Corporate member of Plain English Campaign
Committed to clearer communication
339

ਪਬਲਿਕ ਹੈਲਥ ਇੰਗਲੈਂਡ ਸੰਯੁਕਤ ਰਾਸ਼ਟਰ ਸਥਿਰ ਵਿਕਾਸ ਦੇ ਟੀਚਿਆਂ ਦਾ ਸਮਰਥਨ ਕਰਦਾ ਹੈ

SUSTAINABLE DEVELOPMENT GOALS